ਮਾਡਲ ਟੈਸਟ ਪੇਪਰ

ਵਿਸ਼ਾ-ਸੰਗੀਤ(ਗਾਇਨ )

ਸ਼੍ਰੇਣੀ-ਦਸਵੀਂ

ਸਮਾਂ-3 ਘੰਟੇ (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ) ਕੁੱਲ ਅੰਕ-45

ਭਾਗ - ੳ

1 ਤੋਂ 4 ਤੱਕ ਵਸਤੂਨਿਸ਼ਠ ਪ੍ਰਸ਼ਨ, 5 ਤੋਂ 8 ਖਾਲੀ ਥਾਵਾਂ, 9 ਤੋਂ 11 ਸਹੀ/ਗ਼ਲਤ, 12 ਤੋਂ 14 ਤੱਕ ਬਹੁ-ਭਾਂਤਿ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ(ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਅੰਤਰੇ ਦੇ ਕਿੰਨੇ ਭਾਗ ਹੁੰਦੇ ਹਨ?
2. ਥਾਟ ਕਿੰਨੇ ਮੰਨੇ ਗਏ ਹਨ?
3. ਰੂਪਕ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?
4. ਰਾਗ ਭੈਰਵ ਕਿਸ ਜਾਤੀ ਦਾ ਰਾਗ ਹੈ?

(4x2=8)

(ਖ) ਖਾਲੀ ਥਾਵਾਂ

5. ਅਚਲ ਸਵਰ________ ਹਨ।
6. ਸਪਤਕ ਦਾ ਅਰਥ___________ਹੁੰਦਾ ਹੈ।
7. ਵਿਭਾਗ ਲਈ________ਰੇਖਾ ਹੁੰਦੀ ਹੈ।
8. ਖਾਲੀ ਦਾ ਚਿੰਨ੍ਹ________ਹੈ।

(4x2=8)

(ਗ) ਸਹੀ/ਗ਼ਲਤ

9. ਅਚਲ ਸਵਰ ਕਦੀ ਵੀ ਨਹੀਂ ਚਲਦੇ।
10. ਸਪਤਕ ਵਿੱਚ 9 ਸਵਰ ਹੁੰਦੇ ਹਨ।
11. ਰਾਗ ਭੈਰਵ ਦੀ ਜਾਤੀ ਕਲਿਆਣ ਹੈ।

(3x2=6)

(ਘ) ਬਹੁ-ਭਾਂਤੀ ਪ੍ਰਸ਼ਨ

12. ਸਾਧਾਰਨ ਆਵਾਜ਼ ਕਿਹੜਾ ਸਪਤਕ ਹੁੰਦਾ ਹੈ?

1. ਤਾਰ 2. ਅਤੀਤਾਰ 3. ਮੱਧ 4. ਮੰਦਰ

13. ਤਾਨਪੁਰੇ ਦੇ ਖੋਖਲੇ ਗੋਲ ਭਾਗ ਨੂੰ ਕੀ ਕਹਿੰਦੇ ਹਨ?

1. ਗੁੱਲੂ 2. ਤੂੰਬਾ 3. ਖੂੰਟੀ 4.ਸਿਰਾ

14. ਭੁਪਾਲੀ ਰਾਗ ਦਾ ਸੰਪ੍ਰਕ੍ਰਿਤਕ ਰਾਗ ਕਿਹੜਾ ਹੈ?

1. ਕਲਿਆਣ 2. ਖਮਾਜ 3. ਦੇਸ਼ਕਾਰ 4. ਭੈਰਵ

(3x2=6)

ਭਾਗ - ਅ

15 ਤੋਂ 19 ਤੱਕ 5 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 3-5 ਵਾਕਾਂ ਵਿੱਚ ਹੋਣਾ ਚਾਹੀਦਾ ਹੈ।

15. ਘੜੇ ਸਾਜ਼ ਬਾਰੇ ਲਿਖੋ।
16. ਚਿਮਟੇ ਬਾਰੇ ਲਿਖੋ।
17. ਤੂੰਬੀ ਬਾਰੇ ਸੰਖੇਪ ਵਿੱਚ ਲਿਖੋ।
18. ਖਮਾਜ ਰਾਗ ਦਾ ਪਰਿਚੈ ਲਿਖੋ।
19. ਭੈਰਵ ਰਾਗ ਦਾ ਪਰਿਚੈ ਲਿਖੋ।

(3x3=9)

ਭਾਗ – ੲ

20 ਤੋਂ 23 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 5-7 ਵਾਕਾਂ ਵਿੱਚ ਹੋਣਾ ਚਾਹੀਦਾ ਹੈ।

20. ਥਾਟ ਅਤੇ ਰਾਗ ਦੇ ਨਿਯਮ ਲਿਖੋ।
21. ਤਾਨਪੁਰੇ ਬਾਰੇ ਵਿਸਥਾਰ ਨਾਲ ਲਿਖੋ।
22. ਭੈਰਵ ਰਾਗ ਵਿੱਚ ਛੋਟੇ ਖਿਆਲ ਦੀ ਸੁਰਲਿਪੀ ਲਿਖੋ।
23. ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।

(2x4=8)